(Advantages of Managing Diversity)

1. ਵੱਖ-ਵੱਖ ਅਨੁਭਵ ਅਤੇ ਪੱਖ (Different experiences and perspectives)—ਵਿਵਿਧਤਾ ਦਾ ਪ੍ਰਬੰਧ ਵਿਭਿੰਨ ਅਨੁਭਵਾਂ ਅਤੇ ਪੱਖਾਂ ਨੂੰ ਸਾਮ੍ਹਣੇ ਲਿਆਉਂਦਾ ਹੈ। ਇਹ ਨਵੀਨਤਾ ਅਤੇ ਰਚਨਾਤਮਿਕਤਾ ਲਈ ਪ੍ਰੇਰਕ ਦਾ ਕੰਮ ਕਰਦੇ ਹਨ।

2. ਭੇਦਭਾਵ ਨੂੰ ਰੋਕਣਾ (Prevention of discrimination)—ਇਹ ਸਮਾਜ ਵਿੱਚ ਵਿਤਕਰੇ (ਭੇਦਭਾਵ) ਨੂੰ ਰੋਕਦਾ ਹੈ।

3. ਸ਼ਮੂਲੀਅਤ ਨੂੰ ਉਤਸ਼ਾਹ (Promotion of inclusiveness)—ਇਹ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦਾ ਹੈ।

4. ਉਤਪਾਦਨ ਅਤੇ ਕੁਸ਼ਲਤਾ ਵਿੱਚ ਵਾਧਾ (Increase in productivity and efficiency)—ਇਹ ਵਿਅਕਤੀਆਂ ਦੇ ਉਤਪਾਦਨ ਅਤੇ ਉਹਨਾਂ ਦੀ ਕੁਸ਼ਲਤਾ ਵਿੱਚ ਵਾਧਾ ਕਰਦਾ ਹੈ।

5. ਉਤਪਾਦੀ ਵਾਤਾਵਰਨ (Productive environment)—ਇਹ ਉਤਪਾਦੀ ਵਾਤਾਵਰਨ ਪੈਦਾ ਕਰਦਾ ਹੈ ਜਿਸ ਵਿੱਚ ਹਰੇਕ ਨੂੰ ਮਹੱਤਵ ਦਿੱਤਾ ਜਾਂਦਾ ਹੈ।

6. ਸ਼ਾਂਤੀ ਅਤੇ ਖੁਸ਼ਹਾਲੀ ਵਿੱਚ ਵਾਧਾ (Promotion of peace and prosperity)—ਇਹ ਸ਼ਾਂਤੀ ਅਤੇ ਖੁਸ਼ਹਾਲੀ ਪੈਦਾ ਕਰਦਾ ਹੈ।

7. ਸਮਾਜਿਕ ਨਿਆਂ (Social justice)—ਇਹ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਂਦਾ ਹੈ।

8. ਸਮਾਜਿਕ ਵਿਕਾਸ ਨੂੰ ਉਤਸ਼ਾਹ (Encouragement to social development)—ਇਹ ਵਿਵਿਧ ਪਿਛੋਕੜਾਂ ਵਾਲੇ ਲੋਕਾਂ ਨੂੰ ਇਕੱਠਾ ਕਰਦਾ ਹੈ ਅਤੇ ਸਮਾਜ ਦੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ।

9. ਮੰਤਵਾਂ ਦੀ ਪ੍ਰਾਪਤੀ (Attainment of goals)—ਇਹ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਸਹਾਇਤਾ ਕਰਦਾ ਹੈ।

10. ਨਰੋਏ ਸੰਬੰਧ (Healthy relations)—ਇਹ ਵਿਅਕਤੀਆਂ ਵਿੱਚ ਚੰਗੇ ਸੰਬੰਧ ਪੈਦਾ ਕਰਨ ਵਿੱਚ ਸਹਾਇਤਾ ਕਰਦਾ ਹੈ।

11. ਵਿਚਾਰਾਂ ਦਾ ਅਦਾਨ-ਪ੍ਰਦਾਨ (Exchange of ideas)—ਇਹ ਵਿਚਾਰਾਂ ਦੇ ਅਦਾਨ-ਪ੍ਰਦਾਨ ਵਿੱਚ ਸਹਾਈ ਹੁੰਦਾ ਹੈ ਅਤੇ ਸੰਸਕ੍ਰਿਤਿਕ ਸਵੀਕ੍ਰਿਤੀ ਦਾ ਵਾਤਾਵਰਨ ਪੈਦਾ ਕਰਦਾ ਹੈ।

12. ਵਿਅਕਤੀਆਂ ਦੀ ਰਚਨਾਤਮਿਕਤਾ (Creativity of individuals)—ਇਹ ਪਰਿਵਰਤਨ ਨਾਲ਼ ਨਿਪਟਣ ਅਤੇ ਵਿਅਕਤੀਆਂ ਦੀ ਰਚਨਾਤਮਿਕਤਾ ਵਿੱਚ ਵਾਧਾ ਕਰਦਾ ਹੈ।

13. ਜ਼ਿੰਮੇਦਾਰੀ ਵਧਾਉਣਾ (Increases responsibility)—ਇਹ ਲੋਕਤੰਤਰ ਅਤੇ ਰਾਸ਼ਟਰੀ ਉਸਾਰੀ ਵਿੱਚ ਸ਼ਾਮਲ ਵਿਅਕਤੀਆਂ ਦੀ ਪਹੁੰਚ (Accessibility) ਅਤੇ ਜ਼ਿੰਮੇਦਾਰੀ ਵਿੱਚ ਵਾਧਾ ਕਰਦਾ ਹੈ।

14. ਕਈ ਸੰਭਾਵਨਾਵਾਂ (Wider range of possibilities)—ਇਸ ਨਾਲ਼ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ ਜਿਹੜੀਆਂ ਸਮਰੂਪ ਸਮੂਹ ਵਿੱਚ ਪੈਦਾ ਨਹੀਂ ਹੋ ਸਕਦੀਆਂ।

15. ਸਮੱਸਿਆ ਹੱਲ (Problem solving)—ਇਸ ਨਾਲ਼ ਬਦਲਵੇਂ ਵਿਚਾਰ ਅਤੇ ਪਰਿਪੇਖਾਂ ਤੋਂ ਸਮੱਸਿਆ ਹੱਲ ਕਰਨ ਵਿੱਚ ਸਹਾਇਤਾ ਮਿਲ਼ਦੀ ਹੈ।

16. ਫੈਸਲਾ ਲੈਣ ਵਿੱਚ ਚੰਗੇ ਪਰਿਣਾਮ (Superior outcomes in decision making)—ਇਸ ਨਾਲ਼ ਫੈਸਲਾ ਲੈਣ ਵਿੱਚ ਚੰਗੇ ਪਰਿਣਾਮ ਮਿਲਦੇ ਹਨ।

## (4) ਵਿਵਿਧਤਾਵਾਂ ਦੇ ਸਿੱਖਿਆ ਵਿੱਚ ਨਿਹਿਤਾਰਥ (Implications of Diversities for Education)

ਸਮਾਜ ਵਿੱਚ ਵਿਵਿਧਤਾ ਨਵੇਂ ਵਿਚਾਰ ਅਤੇ ਗਿਆਨ ਵਿਕਸਿਤ ਕਰਦੀ ਹੈ। ਵਿਵਿਧਤਾ ਲਈ ਸਿੱਖਿਆ ਇਨ੍ਹਾਂ ਵਿਚਾਰਾਂ ਨੂੰ ਕੁਸ਼ਲਤਾਪੂਰਨ ਅਤੇ ਪ੍ਰਭਾਵਪੂਰਨ ਵਿਧੀ ਨਾਲ ਵਾਸਤਵਿਕਤਾ ਵਿੱਚ ਪਰਿਵਰਤਨ ਕਰਨ ਦਾ ਨਿਰਨਾ ਕਰਦੀ ਹੈ। ਅਸਲ ਵਿੱਚ ਸਿੱਖਿਆ ਵਿਵਿਧਤਾ ਨੂੰ ਸੰਭਾਲਣ ਦੀ ਇੱਕ ਵਿਧੀ ਹੈ ਕਿਉਂਕਿ ਸਿੱਖਿਆ ਗਿਆਨ ਅਤੇ ਕੌਸ਼ਲ ਪ੍ਰਦਾਨ ਕਰਦੀ ਹੈ ਅਤੇ ਮੁੱਲਾਂ ਤੇ ਦ੍ਰਿਸ਼ਟੀਕੋਣਾਂ ਦੀ ਰਚਨਾ ਕਰਦੀ ਹੈ। ਸਿੱਖਿਆ ਸਮਾਜ ਨੂੰ ਮਜ਼ਬੂਤ ਕਰਦੀ ਹੈ, ਰਾਸ਼ਟਰੀ ਸਮਰੱਥਾ ਦਾ ਨਿਰਮਾਣ ਕਰਦੀ ਹੈ ਅਤੇ ਚੰਗਾ ਅਨੁਸ਼ਾਸਨ ਕਾਇਮ ਕਰਦੀ ਹੈ।

**(1) ਵਿਵਿਧਤਾ ਅਤੇ ਸਿੱਖਿਆ ਦੇ ਉਦੇਸ਼ (Diversity and Aims of Education) :**

ਭਾਰਤ ਇੱਕ ਬਹੁਲਵਾਦੀ ਸਮਾਜ ਹੈ (India is a pluralistic society.)। ਇਸ ਨੇ ਸਕੂਲਾਂ ਨੂੰ ਲੋਕਤੰਤਰੀ ਮੁੱਲਾਂ ਦਾ ਨਿਰਮਾਣ ਕਰਨ ਦੀ ਜ਼ਿੰਮੇਦਾਰੀ ਦਿੱਤੀ ਹੈ। ਪਰੰਤੂ ਭਾਰਤ ਵਿੱਚ ਕਈ ਪ੍ਰਕਾਰ ਦੇ ਪਰਿਵਰਤਨ ਹੋ ਰਹੇ ਹਨ ਜਿਵੇਂ ਕਿ–

1. ਸਿੱਖਿਆ ਵਿੱਚ ਪਰਿਵਰਤਨ (Educational changes)—ਸਿੱਖਿਆ ਜਿਆਦਾ ਵਿਅਕਤੀਗਤ, ਜਿਆਦਾ ਅੰਤਰ-ਅਨੁਸ਼ਾਸਨੀ, ਜਿਆਦਾ ਵਿਵਹਾਰਿਕ ਅਤੇ ਜਿਆਦਾ ਸਮੁੱਚੀ (More individualised, more inter-disciplinary, more practical and more holistic) ਬਣ ਰਹੀ ਹੈ।

2. ਜਨ ਅੰਕੜਿਆਂ ਵਿੱਚ ਪਰਿਵਰਤਨ (Demographic changes)—ਐਲੀਮੈਂਟਰੀ ਅਤੇ ਮਾਧਮਿਕ ਸਿੱਖਿਆ ਦੇ ਸਰਬਵਿਆਪੀਕਰਨ ਨਾਲ਼ ਵੱਖ-ਵੱਖ ਸਮੂਹਾਂ ਦੇ ਬੱਚਿਆਂ ਦੇ ਦਾਖਲੇ ਵਿੱਚ ਵਾਧਾ ਹੋ ਰਿਹਾ ਹੈ।

3. ਵਿਅਕਤਿਕ ਪਰਿਵਰਤਨ (Individual changes)—ਜਿਆਦਾ ਬੱਚੇ 10 ਸਾਲ ਦੀ ਉਮਰ ਤੱਕ ਇੱਕ ਤੋਂ ਵੱਧ ਭਾਸ਼ਾ ਬੋਲ ਸਕਦੇ ਹਨ। ਇਸ ਕਰਕੇ ਸਕੂਲ ਨੂੰ ਸਿੱਖਣ ਵਾਤਾਵਰਨ ਵਿੱਚ ਬਹੁ-ਸੰਸਕ੍ਰਿਤਿਕ ਵਿਵੇਕ ਪੈਦਾ ਕਰਨਾ ਚਾਹੀਦਾ ਹੈ। ਇਸ ਲਈ ਵਿਵਿਧਤਾ ਨਾਲ ਨਿਪਟਣ ਲਈ ਸਿੱਖਿਆ ਨੂੰ ਨਿਮਨ ਲਿਖੇ ਉਦੇਸ਼ਾਂ ਦੀ ਪੂਰਤੀ ਲਈ ਮਹੱਤਵਪੂਰਨ ਭੂਮਿਕਾ ਨਿਭਾਉਣੀ ਚਾਹੀਦੀ ਹੈ—

(i) **ਵਿਵਿਧ ਸੰਸਕ੍ਰਿਤੀਆਂ ਦੇ ਵਿਵੇਕ ਦਾ ਵਿਕਾਸ** (Development of understanding and appreciation for diverse cultures)— ਸਿੱਖਿਆ ਮਨੁੱਖੀ ਮਨ ਦਾ ਉਪਯੁਕਤ ਵਿਕਾਸ ਕਰੇ। ਸੰਸਥਾਵਾਂ, ਪਰੰਪਰਾਵਾਂ, ਰੀਤੀ-ਰਿਵਾਜਾਂ, ਮੁੱਲਾਂ, ਵਿਚਾਰਾਂ, ਆਦਤਾਂ, ਨਿਯਮਾਂ ਅਤੇ ਸਾਹਿਤ ਦੀ ਜਾਣਕਾਰੀ ਦੇ ਕੇ ਵਿਵਿਧ ਸੰਸਕ੍ਰਿਤੀਆਂ ਦੀ ਅਮੀਰ ਵਿਰਾਸਤ ਨੂੰ ਸਮਝਣ ਦੇ ਯੋਗ ਬਣਾਏ।

(ii) **ਤਰਕਸ਼ੀਲ ਚਿੰਤਨ ਵਿਕਸਿਤ ਕਰਨਾ** (Development of reflective thinking)—ਸਿੱਖਿਆ ਨੂੰ ਸਿੱਖਿਆਰਥੀਆਂ ਵਿੱਚ ਤਰਕਸ਼ੀਲ ਅਤੇ ਸਮੀਖਿਆਤਮਕ ਸੋਚ ਵਿਕਸਿਤ ਕਰਕੇ ਸਹੀ ਕੰਮ, ਸਹੀ ਵਿਵਹਾਰ ਅਤੇ ਸਹੀ ਵਿਵੇਕ (Right action, right conduct and right judgement) ਦੀ ਰਾਹ ਦਿਖਾਉਣੀ ਚਾਹੀਦੀ ਹੈ।

(iii) **ਨੈਤਿਕ ਮੁੱਲਾਂ ਦਾ ਵਿਕਾਸ** (Development of moral values)—ਸਿੱਖਿਆ ਨੂੰ ਨੈਤਿਕ ਅਤੇ ਸਦਾਚਾਰੀ ਮੁੱਲਾਂ, ਸਚਾਈ, ਚੰਗਿਆਈ, ਬਹਾਦਰੀ, ਸਵੈ-ਬਲਿਦਾਨ, ਅਹਿੰਸਾ, ਪਿਆਰ ਅਤੇ ਪਰੋਪਕਾਰ ਵਰਗੇ ਗੁਣਾਂ ਨੂੰ ਵਿਕਸਿਤ ਅਤੇ ਮਜਬੂਤ ਕਰਨਾ ਚਾਹੀਦਾ ਹੈ।

(iv) **ਧਰਮ-ਨਿਰਪੇਖ ਮੁੱਲਾਂ ਨੂੰ ਉਤਸ਼ਾਹਿਤ ਕਰਨਾ** (Promotion of secular values)—ਭਾਰਤ ਵਿੱਚ ਵਿਵਿਧ ਧਰਮ ਪ੍ਰਚਲਿਤ ਹਨ ਜਿਵੇਂ ਕਿ (1) ਸਿੱਖ ਧਰਮ, (2) ਹਿੰਦੂ ਧਰਮ, (3) ਇਸਲਾਮ ਧਰਮ, (4) ਇਸਾਈ ਧਰਮ, (5) ਬੁੱਧ ਧਰਮ, (6) ਜੈਨ ਧਰਮ, (7) ਪਾਰਸੀ ਧਰਮ ਆਦਿ। ਸਿੱਖਿਆ ਇਹਨਾਂ ਧਰਮਾਂ ਦਾ ਅਧਿਅਨ ਕਰਕੇ ਧਰਮ-ਨਿਰਪੇਖ ਮੁੱਲਾਂ ਨੂੰ ਵਿਕਸਿਤ ਕਰੇ।

(v) **ਲੋਕਤੰਤਰੀ ਮੁੱਲਾਂ ਦਾ ਵਿਕਾਸ** (Development of democratic values)—ਸਾਨੂੰ ਆਪਣੇ ਲੋਕਤੰਤਰ ਨੂੰ ਕਾਇਮ ਰੱਖਣ ਲਈ ਸਿੱਖਿਆ ਨੂੰ ਸੁਚੱਜੇ ਲੋਕਤੰਤਰੀ ਨਾਗਰਿਕ ਬਣਾਉਣ ਦੇ ਯੋਗ ਹੋਣਾ ਚਾਹੀਦਾ ਹੈ ਜਿਹੜੇ ਸਮਾਜ ਵਿੱਚ ਆਪਣੀ ਉਪਯੁਕਤ ਥਾਂ ਲੈ ਸਕਦੇ ਹਨ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਿੱਖਿਆ ਸੁਤੰਤਰਤਾ, ਸਮਾਨਤਾ, ਭਾਈਚਾਰੇ ਅਤੇ ਨਿਆਂ (Liberty, equality, fraternity and justice) ਦੇ ਸਤੰਭਾਂ 'ਤੇ ਟਿਕੀ ਹੋਣੀ ਚਾਹੀਦੀ ਹੈ।

(vi) **ਰਾਸ਼ਟਰੀ ਚੇਤਨਾ ਦੀ ਭਾਵਨਾ ਦਾ ਵਿਕਾਸ** (Development of feeling of national consciousness)—ਸਿੱਖਿਆ ਨੂੰ ਸਿੱਖਿਆਰਥੀਆਂ ਦੇ ਮਨਾਂ ਅਤੇ ਹਿਰਦਿਆਂ ਵਿੱਚ ਦੇਸ਼-ਪਿਆਰ ਅਤੇ ਭਗਤੀ ਦੀ ਭਾਵਨਾ ਪੈਦਾ ਕਰਕੇ ਉਹਨਾਂ ਵਿੱਚ ਰਾਸ਼ਟਰੀ ਚੇਤਨਤਾ ਦਾ ਵਿਕਾਸ ਕਰਨਾ ਚਾਹੀਦਾ ਹੈ। ਸਿੱਖਿਆ ਨੂੰ ਦੇਸ ਦੇ ਵਿਭਿੰਨ ਖੇਤਰਾਂ ਦੇ ਲੋਕਾਂ ਦੀ ਸੰਸਕ੍ਰਿਤੀ, ਉਹਨਾ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ, ਜੋ ਭੂਗੋਲਿਕ, ਇਤਿਹਾਸਿਕ ਅਤੇ ਆਰਥਿਕ ਕਾਰਕਾਂ ਦੁਆਰਾ ਪ੍ਰਭਾਵਿਤ ਹੋਈਆਂ ਹੋਣ, ਦਾ ਅਧਿਅਨ ਕਰਨ ਲਈ ਵਿਅਕਤੀਆਂ ਨੂੰ ਯੋਗ ਬਣਾਉਣਾ ਚਾਹੀਦਾ ਹੈ। ਸਿੱਖਿਆਰਥੀ ਦੇਸ਼ ਦੇ ਵਿਭਿੰਨ ਖੇਤਰਾਂ ਵਿੱਚ ਰਹਿੰਦੇ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਨੂੰ ਸਮਝਣ ਲੱਗ ਪੈਣਗੇ।

(vii) **ਅਨੇਕਤਾ ਵਿੱਚ ਏਕਤਾ ਦੀ ਭਾਵਨਾ ਵਿਕਸਿਤ ਕਰਨਾ** (Development of sense of unity in diversity)—ਭਾਰਤ ਦੀ ਸਫ਼ਲਤਾ ਦਾ ਰਾਹ ਵਿਵਿਧਤਾਵਾਂ ਦੀ ਪਛਾਣ ਹੈ। ਸਭ ਧਰਮਾਂ ਅਤੇ ਜੀਵਨ ਦੇ ਵਿਭਿੰਨ ਢੰਗਾਂ ਨੂੰ ਸਵੀਕਾਰ ਕਰਨਾ ਭਾਰਤੀ ਸੰਸਕ੍ਰਿਤੀ, ਵਿਰਾਸਤ ਅਤੇ ਰਾਜ ਪ੍ਰਬੰਧ ਲਈ ਮਹੱਤਵਪੂਰਨ ਹੈ। ਭਾਰਤੀ ਸੰਸਕ੍ਰਿਤੀ ਦੀ ਵਾਸਤਵਿਕ ਸ਼ਕਤੀ ਇਸ ਦੀ ਬੁਨਿਆਦੀ ਏਕਤਾ ਹੈ। ਵਿਵਿਧਤਾ ਨੂੰ ਆਪਣੇ ਵਿੱਚ ਸਮਾ ਲੈਣ ਦੀ ਯੋਗਤਾ ਹੈ। ਸਿੱਖਿਆ ਨੂੰ ਵਿਵਿਧਤਾ ਵਿੱਚ ਏਕਤਾ ਦੇ ਮੁੱਲਾਂ ਨੂੰ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਸਾਡੀ ਰਾਸ਼ਟਰੀ ਏਕਤਾ ਮਜ਼ਬੂਤ ਹੋਵੇਗੀ।

(4) **ਵਿਵਿਧਤਾ ਅਤੇ ਪਾਠਕ੍ਰਮ (Diversity and Curriculum) :**

ਪਾਠਕ੍ਰਮ ਵਿਦਿਆਰਥੀ-ਕੇਂਦਰਿਤ ਹੋਣਾ ਚਾਹੀਦਾ ਹੈ। ਇਹ ਵਿਦਿਆਰਥੀਆਂ ਦੀਆਂ ਯੋਗਤਾਵਾਂ ਅਤੇ ਲੋੜਾਂ ਦੇ ਅਨੁਸਾਰ ਨਿਰਮਿਤ ਹੋਣਾ ਚਾਹੀਦਾ ਹੈ। ਅਪੰਗ ਬੱਚਿਆਂ, ਪੱਛੜੇ ਬੱਚਿਆਂ, ਵੱਖ-ਵੱਖ ਅਲਪਸੰਖਿਆ ਸਮੂਹਾਂ ਦੇ

ਬੱਚਿਆਂ ਅਤੇ ਵਿਭਿੰਨ ਭਾਸ਼ਾਈ ਸਮੂਹਾਂ ਦੇ ਬੱਚਿਆਂ ਦੀਆਂ ਲੋੜਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪਾਠਕ੍ਰਮ ਅੱਗੇ ਲਿਖੇ ਨਿਯਮਾਂ (Principles) 'ਤੇ ਅਧਾਰਿਤ ਹੋਣਾ ਚਾਹੀਦਾ ਹੈ—

1. ਵਿਸ਼ਾਲ ਅਤੇ ਲਚਕੀਲਾ (Broad-based and flexible)—ਇਹ ਵਿਸ਼ਾਲ ਅਤੇ ਲਚਕੀਲਾ ਹੋਣਾ ਚਾਹੀਦਾ ਹੈ।

2. ਮੰਤਵਾਂ ਦੀ ਪ੍ਰਾਪਤੀ (Achievement of goals)—ਇਹ ਦੂਰਗਾਮੀ ਬੌਧਿਕ, ਸਮਾਜਿਕ, ਭਾਵਾਤਮਿਕ ਅਤੇ ਸਰੀਰਿਕ ਮੰਤਵਾਂ ਨੂੰ ਪ੍ਰਾਪਤ ਕਰਨ ਲਈ ਬਣਾਇਆ ਜਾਏ।

3. ਵਿਅਕਤੀਗਤ (Individualised)—ਇਹ ਵਿਅਕਤੀਆਂ ਦੀਆਂ ਲੋੜਾਂ ਅਤੇ ਰੁਚੀਆਂ ਦੇ ਅਨੁਸਾਰ ਹੋਵੇ। ਇਸ ਵਿੱਚ ਵਿਵਿਧ ਅਨੁਭਵਾਂ ਨੂੰ ਵੀ ਸ਼ਾਮਲ ਕੀਤਾ ਜਾਏ।

4. ਸਿਧਾਂਤਿਕ ਨਿਯਮਾਂ 'ਤੇ ਅਧਾਰਿਤ (Based on theoretical principles)—ਇਹ ਠੋਸ ਸਿਧਾਂਤਿਕ ਨਿਯਮਾਂ 'ਤੇ ਅਧਾਰਿਤ ਹੋਵੇ।

5. ਪੂਰਵ-ਗਿਆਨ 'ਤੇ ਅਧਾਰਿਤ (Based on previous knowledge)—ਇਹ ਬੱਚਿਆਂ ਦੇ ਪੂਰਵ-ਗਿਆਨ 'ਤੇ ਅਧਾਰਿਤ ਹੋਵੇ।

6. ਕਿਰਿਆ 'ਤੇ ਅਧਾਰਿਤ (Based on activity)—ਇਹ ਕਿਰਿਆ-ਕੇਂਦਰਿਤ ਹੋਵੇ। ਇਹ ਬੱਚਿਆਂ ਨੂੰ ਕਿਰਿਆ ਵਿੱਚ ਲਗਾਈ ਰੱਖੇ।

7. ਵਿਵਿਧਤਾ ਦਾ ਸਮਰਥਕ (Supporter of diversity)—ਇਹ ਵਿਅਕਤੀਗਤ, ਸੰਸਕ੍ਰਿਤਿਕ ਅਤੇ ਭਾਸ਼ਾਈ ਵਿਵਿਧਤਾ ਦਾ ਸਮਰਥਨ ਕਰੇ ਤਾਂਕਿ ਮੁੱਖ ਸੰਸਕ੍ਰਿਤੀ ਅਤੇ ਘੱਟ ਗਿਣਤੀ ਵਰਗ ਦੀ ਸੰਸਕ੍ਰਿਤੀ ਵਿਚਕਾਰ ਸੰਤੁਲਨ ਬਣੇ।

8. ਸਮਾਜਿਕ ਅੰਤਰਕਿਰਿਆ ਦੇ ਮੁੱਲਾਂ 'ਤੇ ਜ਼ੋਰ (Emphasis on values of social interaction)—ਇਹ ਸਮਾਜਿਕ ਮੇਲਜੋਲ (ਅੰਤਰਕਿਰਿਆ) 'ਤੇ ਜ਼ੋਰ ਦੇਵੇ।

9. ਮਾਂ-ਬੋਲੀ ਅਤੇ ਰਾਸ਼ਟਰ ਭਾਸ਼ਾ ਦਾ ਹਿਮਾਇਤੀ (Supporter of mother-tongue and national language)—ਇਹ ਮਾਂ-ਬੋਲੀ ਅਤੇ ਰਾਸ਼ਟਰ ਭਾਸ਼ਾ ਦੀ ਹਿਮਾਇਤ ਕਰੇ।

ਵਿਦਿਆਰਥੀਅ-ਕੇਂਦਰਿਤ, ਸਮੁਦਾਇ-ਕੇਂਦਰਿਤ ਅਤੇ ਵਿਆਪਕ (Broad-based) ਪਾਠਕ੍ਰਮ ਨੂੰ ਯੋਗ ਥਾਂ ਦੇਣੀ ਚਾਹੀਦੀ ਹੈ। ਸਕੂਲ ਅਤੇ ਕਾਲਜ ਦੀ ਪਾਠਕ੍ਰਮ ਦੀ ਵਿਵਿਧਤਾ ਨਾਲ਼ ਨਿਪਟਣ ਲਈ ਰਚਨਾ ਕੀਤੀ ਗਈ ਹੋਵੇ।

(i) ਐਲੀਮੈਂਟਰੀ ਪੱਧਰ 'ਤੇ (At elementary stage)—ਰੁਜਾਨਾ ਪ੍ਰਾਰਥਨਾ ਸਭਾ, ਰਾਸ਼ਟਰੀ ਗੀਤ, ਹੋਰ ਰਾਸ਼ਟਰੀ ਗੀਤ, ਕਹਾਣੀਆਂ ਅਤੇ ਕਵਿਤਾਵਾਂ ਪਾਠਕ੍ਰਮ ਦਾ ਮਹੱਤਵਪੂਰਨ ਭਾਗ ਹੋਣ।

(ii) ਮਾਧਮਿਕ ਪੱਧਰ 'ਤੇ (At secondary stage)—ਨੈਤਿਕ ਅਤੇ ਸਦਾਚਾਰਿਕ ਸਿੱਖਿਆ (Moral and ethical education), ਪਾਠ-ਸਹਾਇਕ ਕਿਰਿਆਵਾਂ (Co-curricular activities), ਭਾਸ਼ਾ ਅਤੇ ਸਾਹਿਤ ਦੇ ਅਧਿਅਨ ਨੂੰ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ।

(iii) ਕਾਲਜ ਅਤੇ ਵਿਸ਼ਵਵਿਦਿਆਲਾ ਪੱਧਰ 'ਤੇ (At college and university level)—ਵੱਖ-ਵੱਖ ਭਾਸ਼ਾਵਾਂ, ਸਾਹਿਤ, ਸਮਾਜਿਕ ਵਿਗਿਆਨਾਂ, ਹੋਰ ਵਿਗਿਆਨਾਂ, ਸੰਸਕ੍ਰਿਤੀਆਂ ਅਤੇ ਕਲਾਵਾਂ ਦੇ ਅਧਿਅਨ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਵਿਚਾਰ-ਵਟਾਂਦਰੇ ਨੂੰ ਪਾਠਕ੍ਰਮ ਵਿੱਚ ਉਚਿਤ ਥਾਂ ਦੇਣੀ ਚਾਹੀਦੀ ਹੈ।

(3) ਵਿਵਿਧਤਾ ਅਤੇ ਪਾਠਕ੍ਰਮ ਪ੍ਰੋਗਰਾਮ (Diversity and Curriculum Transaction) :

ਅਧਿਆਪਕ ਨੂੰ ਕਲਾਸਰੂਮ ਵਿੱਚ ਵਿਵਿਧਤਾ ਨਾਲ਼ ਨਿਪਟਣ ਲਈ ਪਾਠਕ੍ਰਮ ਨੂੰ ਲਾਗੂ ਕਰਨ ਲਈ ਉਨ੍ਹਾਂ ਸਭ ਵਿਧੀਆਂ ਅਤੇ ਤਕਨੀਕਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਜੋ ਸਹਿਯੋਗ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਸਮੂਹਾਂ ਵਿਚਕਾਰ ਗਲਤਫਹਿਮੀਆਂ ਨੂੰ ਵੀ ਦੂਰ ਕਰਨ। ਪਾਠਕ੍ਰਮ ਇਸ ਪ੍ਰਕਾਰ ਲਾਗੂ ਹੋਵੇ ਕਿ ਵਿਦਿਆਰਥੀ ਸਵੈ-ਵਿਸ਼ਵਾਸੀ (Self-confident), ਸਵੈ- ਨਿਰਭਰ (Self-reliant) ਅਤੇ ਦੂਰਦ੍ਰਿਸ਼ਟੀ (Foresighted) ਵਾਲੇ ਬਣਨ। ਪਾਠਕ੍ਰਮ ਉਹਨਾਂ ਨੂੰ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਯੋਗ ਬਣਾਏ। ਪਾਠਕ੍ਰਮ ਪ੍ਰੋਗਰਾਮ ਲਈ ਕਲਾਸਰੂਮ ਅਭਿਆਸ (Classroom practices) ਹੇਠ ਲਿਖੇ ਹਨ—

1. ਸਹਿਯੋਗੀ ਸਿੱਖਣ ਤਕਨੀਕਾਂ (Cooperative learning technique)—ਵਿਵਿਧ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਦੀਆਂ ਕਲਾਸਰੂਮ ਵਿੱਚ ਸਹਿਯੋਗੀ ਸਿੱਖਣ ਪਰਿਸਥਿਤੀਆਂ ਸਹਿਯੋਗੀ ਸਮੂਹਾਂ ਵਿੱਚ ਵਿਅਕਤਿਕ ਜ਼ਿੰਮੇਦਾਰੀ ਦੀ ਭਾਵਨਾ ਪੈਦਾ ਕਰਦੀਆਂ ਹਨ। ਸਭ ਵਿਦਿਆਰਥੀ ਇੱਕ-ਦੂਜੇ ਨਾਲ਼ ਮਿਲ਼ ਕੇ ਸਿੱਖਣ ਦੀ ਯੋਗਤਾ ਦਾ ਵਿਕਾਸ ਕਰਦੇ ਹਨ।

2. ਸਹਿਯੋਗੀ ਅਧਿਆਪਨ ਤਕਨੀਕਾਂ (Collaborative teaching techniques)—ਸਹਿਯੋਗੀ ਅਧਿਆਪਨ ਇਕੱਠੇ ਮਿਲ ਕੇ ਕੰਮ ਕਰਨ ਦੀ ਪ੍ਰਕਿਰਿਆ 'ਤੇ ਜ਼ੋਰ ਦਿੰਦਾ ਹੈ। ਇਹ ਸਿੱਖਿਆਰਥੀਆਂ ਦੀ ਸਹਾਇਤਾ ਕਰਨ ਦੀਆਂ ਵਿਧੀਆਂ ਦੀ ਖੋਜ ਕਰਦਾ ਹੈ ਕਿ ਉਹ ਆਪਣੇ ਸਿੱਖਣ ਵਿੱਚ ਸਕਿਰਿਆ ਭੂਮਿਕਾ (Active role) ਨਿਭਾਉਣ। ਇਸਦਾ ਮੁੱਖ ਉਦੇਸ਼ ਕਲਾਸਰੂਮ ਵਿੱਚ ਵਿਵਿਧਤਾ ਨਾਲ਼ ਨਿਪਟਣਾ ਹੈ ਜਿਸ ਲਈ ਅਧਿਆਪਨ ਦੀਆਂ ਕਿਰਿਆ ਵਿਧੀਆਂ (Activity methods) ਦਾ ਪ੍ਰਯੋਗ ਕੀਤਾ ਜਾਏ।

3. ਵਿਭੇਦਕ ਅਨੁਦੇਸ਼ਨ ਤਕਨੀਕਾਂ (Differential instructional techniques)—ਵਿਭੇਦਕ ਅਨੁਦੇਸ਼ਨ ਯੋਜਨਾਬੰਦੀ ਲਈ ਇੱਕ ਉਪਾਗਮ ਹੈ ਤਾਂਕਿ ਵਿਦਿਆਰਥੀ ਦੀਆਂ ਵਿਅਕਤਿਕ ਜਰੂਰਤਾਂ ਪੂਰੀਆਂ ਹੋ ਸਕਣ। ਅਧਿਆਪਕ ਕਲਾਸਰੂਮ ਦੇ ਸੰਦਰਭ ਅਤੇ ਨੀਤੀਆਂ (Strategies) ਵਿੱਚ ਵਿਅਕਤਿਕ ਸਿੱਖਿਆ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਦਾ ਅਧਿਆਪਨ ਵਿਭਿੰਨ ਸਿੱਖਣ ਸ਼ੈਲੀਆਂ (Stage) ਦੀ ਵਰਤੋਂ ਕਰਦਾ ਹੈ।

4. ਕਿਰਿਆ-ਅਧਾਰਿਤ ਸਿੱਖਣ ਤਕਨੀਕਾਂ (Activity-based learning techniques)—ਇਨ੍ਹਾਂ ਤਕਨੀਕਾਂ ਵਿੱਚ ਅਧਿਆਪਕ ਜਮਾਤ ਵਿੱਚ ਬਿਨਾਂ ਕਿਸੇ ਦਬਦਬੇ ਦੇ ਅਧਿਆਪਨ ਕਰਦਾ ਹੈ। ਇਸ ਦਾ ਉਦੇਸ਼ ਸਿੱਖਿਆਰਥੀਆਂ ਨੂੰ ਵਿਦਿਆਰਥੀ-ਕੇਂਦਰਿਤ (Student-centred) ਉਚਿਤ ਸਿੱਖਿਆ ਪ੍ਰਦਾਨ ਕਰਨਾ ਹੈ। ਇਹ ਸਿੱਖਿਆ ਤਾਰਕਿਕ ਚਿੰਤਨ ਕੋਸ਼ਲਾਂ ਨੂੰ ਵਿਕਸਿਤ ਕਰਦੀ ਹੈ। ਇਹ ਵਿਦਿਆਰਥੀਆਂ ਦੀਆਂ ਵਿਵਿਧ ਯੋਗਤਾਵਾਂ ਦੇ ਅਨੁਸਾਰ ਹੁੰਦੀ ਹੈ।

**(4) ਵਿਵਿਧਤਾ ਅਤੇ ਸਕੂਲ ਪ੍ਰਸ਼ਾਸਨ (Diversity and School Administration) :**

ਸਕੂਲ ਪ੍ਰਸ਼ਾਸਨ ਨੂੰ ਵਿਵਿਧਤਾ ਨਾਲ਼ ਨਿਪਟਣ ਲਈ ਨਿਮਨਲਿਖਿਤ ਬਿੰਦੂਆਂ ਦਾ ਧਿਆਨ ਰੱਖਣਾ ਚਾਹੀਦਾ ਹੈ—

1. ਉਪਯੁਕਤ ਸਟਾਫ ਅਤੇ ਸਹਾਇਤਾ (Adequate staff and assistance)—ਉਪਯੁਕਤ ਸਟਾਫ ਅਤੇ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ ਤਾਂਕਿ ਜਮਾਤ ਵਿੱਚ ਵਿਭਿੰਨ ਵਿਦਿਆਰਥੀਆਂ ਦੀਆਂ ਜਰੂਰਤਾਂ ਪੂਰੀਆਂ ਹੋਣ।

2. ਸੰਸਕ੍ਰਿਤਿਕ ਵਿਵਿਧਤਾਵਾਂ ਦਾ ਗਿਆਨ (Knowledge of cultural diversities)—ਸੰਸਕ੍ਰਿਤਿਕ ਵਿਵਿਧਤਾਵਾਂ ਅਤੇ ਐਲੀਮੈਂਟਰੀ ਸਿੱਖਿਆ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਨਿਸਚਿਤ ਕਰੋ ਕਿ ਸਕੂਲ ਦਾ ਵਿਵਿਧਤਾ ਸੰਬੰਧੀ ਮੰਤਵ ਹੋਵੇ।

3. ਸੁਸਿੱਖਿਅਤ ਅਧਿਆਪਕ (Trained teachers)—ਸੁਸਿੱਖਿਅਤ ਅਧਿਆਪਕਾਂ ਦੀ ਭਰਤੀ ਕਰਨੀ ਚਾਹੀਦੀ ਹੈ।

4. ਸਕੂਲ ਅਤੇ ਜਿਲ੍ਹਾ ਨੀਤੀਆਂ ਦੀ ਸਮੀਖਿਆ (Regularly review school and district policies)—
ਸਿੱਖਿਆ ਦੀ ਸਮਾਨਤਾ ਅਤੇ ਨਿਰਪੱਖਤਾ ਨਾਲ਼ ਸੰਬੰਧਿਤ ਸਕੂਲ ਅਤੇ ਜਿਲ੍ਹੇ ਦੀਆਂ ਨੀਤੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਵਿਵਿਧਤਾ ਨਾਲ਼ ਨਿਪਟਣ ਦੇ ਮੰਤਵ ਵਿਕਸਿਤ ਕਰਨੇ ਚਾਹੀਦੇ ਹਨ।

5. ਅਲਪਸੰਖਿਆਕ ਬੱਚਿਆਂ ਲਈ ਨੀਤੀਆਂ (Strategies for minority children)—ਅਲਪਸੰਖਿਅਕ ਬੱਚਿਆਂ ਨੂੰ ਭਾਸ਼ਾ ਪੜ੍ਹਾਉਣ ਸੰਬੰਧੀ ਨੀਤੀਆਂ ਬਣਾਈਆਂ ਜਾਣ।

6. ਬੱਚਿਆਂ ਦੇ ਏਕੀਕਰਨ ਲਈ ਨੀਤੀਆਂ (Strategies for integrating children)—ਪ੍ਰੀ-ਸਕੂਲ ਅਤੇ ਐਲੀਮੈਂਟਰੀ ਸਕੂਲ ਵਿੱਚ ਬੱਚਿਆਂ ਨੂੰ ਲੋਕਾਂ ਨਾਲ਼ ਜੋੜਨ (ਏਕੀਕਰਨ) ਲਈ ਨੀਤੀਆਂ ਬਣਾਈਆਂ ਜਾਣ।

7. ਭਾਸ਼ਾ-ਅਲਪਸੰਖਿਅਕ ਬੱਚਿਆਂ ਲਈ ਸਕੂਲ ਪ੍ਰੋਗਰਾਮ (School programmes for language-minority students)—ਨਿਸਚਿਤ ਕਰੋ ਕਿ ਭਾਸ਼ਾ ਅਲਪਸੰਖਿਅਕ ਵਿਦਿਆਰਥੀਆਂ ਲਈ ਸਕੂਲ ਦੇ ਪ੍ਰੋਗਰਾਮ ਵਿਕਾਸ ਵਜੋਂ ਉਪਯੁਕਤ ਅਤੇ ਸੰਸਕ੍ਰਿਤਿਕ ਰੂਪ ਵਿੱਚ ਉਚਿਤ ਪਰੰਪਰਾਵਾਂ 'ਤੇ ਅਧਾਰਿਤ ਹਨ। ਵਿਦਿਆਰਥੀਆਂ ਵਿੱਚ ਦੂਜੀ ਭਾਸ਼ਾ ਦੇ ਵਿਕਾਸ ਦੇ ਮਹੱਤਵ ਨੂੰ ਉਤਸ਼ਾਹਿਤ ਕਰਨ ਲਈ ਜਤਨ ਕਰਨੇ ਚਾਹੀਦੇ ਹਨ।

8. ਵਿਵਿਧ ਸੰਸਕ੍ਰਿਤਿਕ ਪਿਛੋਕੜ ਵਾਲੇ ਬੱਚਿਆਂ ਦਾ ਅਧਿਆਪਨ (Teaching children of diverse cultural background)—ਜਾਣਕਾਰੀ ਲਉ ਕਿ ਅਧਿਆਪਕ ਵਿਭਿੰਨ ਸੰਸਕ੍ਰਿਤਿਕ ਪਿਛੋਕੜ ਵਾਲੇ ਬੱਚਿਆਂ ਦੇ ਅਧਿਆਪਨ ਲਈ ਕੀ ਸੋਚਦੇ ਹਨ। ਅਧਿਆਪਕਾਂ ਨੂੰ ਉਤਸ਼ਾਹਿਤ ਕਰੋ ਕਿ ਉਹ ਕਲਾਸਰੂਮ ਸਿੱਖਣ ਅਨੁਭਵ ਪ੍ਰਦਾਨ ਕਰਨ ਲਈ ਸੋਚਣ।

9. ਅਧਿਆਪਕਾਂ ਨੂੰ ਪ੍ਰੋਤਸਾਹਨ ਅਤੇ ਪ੍ਰੇਰਕ ਦੇਣਾ (Providing encouragement and incentives to teachers)—ਅਧਿਆਪਕਾਂ ਨੂੰ ਸਟਾਫ ਦੇ ਵਿਕਾਸ ਲਈ ਪ੍ਰੋਗਰਾਮਾਂ ਵਿੱਚ ਸਕਿਰਿਆ ਭਾਗ ਲੈਣ ਲਈ ਉਤਸ਼ਾਹਿਤ ਕਰੋ ਅਤੇ ਪ੍ਰੇਰਕ ਪ੍ਰਦਾਨ ਕਰੋ।

10. ਵ੍ਰਿਤਿਕ ਵਿਕਾਸ ਵਾਲੇ ਵਿਸ਼ਿਆਂ ਦੀ ਚੋਣ (Select professional development)—ਵ੍ਰਿਤਿਕ ਵਿਕਾਸ ਵਾਲੇ ਉਨ੍ਹਾਂ ਵਿਸ਼ਿਆਂ ਦੀ ਚੋਣ ਕਰੋ ਜਿਹੜੇ ਵਿਵਿਧਤਾ ਸੰਬੰਧੀ ਅਧਿਆਪਕ ਦੀ ਸੂਝ ਨੂੰ ਉਤਸ਼ਾਹਿਤ ਕਰਨ।

ਕਿੱਤਕ ਵਿਕਾਸ ਲਈ ਸਮਾਂ (Time for professional development)—ਅੰਤਰ-ਅਨੁਸ਼ਾਸਨੀ ਸਟਾਫ (Inter-disciplinary staff) ਲਈ ਅਵਸਰ ਪ੍ਰਦਾਨ ਕਰੋ ਤਾਂਕਿ ਉਹ ਸਰਲਤਾ ਨਾਲ ਜਾਣਕਾਰੀ ਸਾਂਝੀ ਕਰਨ ਅਤੇ ਇਕੱਠੇ ਮਿਲ ਕੇ ਯੋਜਨਾ ਬਣਾਉਣ। ਇਸ ਲਈ ਕਿੱਤਕ ਵਿਕਾਸ ਅਤੇ ਵਿਉਂਤਬੰਦੀ ਨੂੰ ਉਪਯੁਕਤ ਸਮਾਂ ਦਿਉ।

12. **ਵਿਵਿਧ ਭਾਸ਼ਾਵਾਂ ਦੀ ਸ਼ਮੂਲੀਅਤ** (Inclusion of various languages)—ਸਕੂਲ ਦੇ ਚਿੰਨ੍ਹਾਂ ਵਿੱਚ ਵੱਖ-ਵੱਖ ਭਾਸ਼ਾਵਾਂ ਸ਼ਾਮਲ ਕਰੋ (Reflect various language groups in school signs.)।

13. **ਸਥਾਨਕ ਗਾਇਡਲਾਈਨਾਂ** (Local guidelines)—ਲੋਕਲ (ਸਥਾਨਕ) ਗਾਇਡਲਾਈਨਾਂ ਤਿਆਰ ਕਰੋ, ਜੋ ਕਿ ਰਾਜਾਂ ਅਤੇ ਕੇਂਦਰ ਦੀਆਂ ਹਿਦਾਇਤਾਂ (ਗਾਇਡਲਾਈਨਾਂ) 'ਤੇ ਅਧਾਰਿਤ ਹੋਣ ਤਾਂਕਿ ਬੱਚੇ ਰਾਸ਼ਟਰੀ ਭਾਸ਼ਾ ਅਤੇ ਸਹਾਇਕ ਭਾਸ਼ਾ (Assistive language) ਸਿੱਖ ਸਕਣ।

14. **ਮਾਪਿਆਂ ਦੀ ਭਾਗੀਦਾਰੀ** (Parents' participation)—ਸਕੂਲ ਵਿੱਚ ਛੋਟੇ ਬੱਚਿਆਂ ਲਈ ਮਾਪਿਆਂ ਦੀ ਭਾਗੀਦਾਰੀ ਨਿਸਚਿਤ ਕਰੋ ਅਤੇ ਇਸ ਦੀ ਵਿਉਂਤਬੰਦੀ ਕਰੋ।

15. **ਮਾਪਿਆਂ ਦਾ ਸਤਿਕਾਰ** (Respecting parents)—ਨਿਸਚਿਤ ਕਰੋ ਕਿ ਸਕੂਲ ਦਾ ਵਾਤਾਵਰਨ ਮਾਪਿਆਂ ਦਾ ਸਤਿਕਾਰ ਕਰਨ ਵਾਲਾ ਹੋਵੇ।

16. **ਵਿਵਿਧ ਲੋੜਾਂ ਵਾਲੇ ਬੱਚਿਆਂ ਦੀ ਸੇਵਾ** (Providing service to children with diverse needs)—ਨਿਸਚਿਤ ਕਰੋ ਕਿ ਰਾਸ਼ਟਰੀ, ਰਾਜਕੀ ਅਤੇ ਸਥਾਨਿਕ ਨਿਯਮਾਂ ਅਨੁਸਾਰ ਵੱਖ-ਵੱਖ ਲੋੜਾਂ ਵਾਲੇ ਬੱਚਿਆਂ ਦੀ ਸੇਵਾ ਹੋਵੇ।

17. **ਸੰਸਕ੍ਰਿਤਿਕ ਸੰਗਠਨਾਂ ਅਤੇ ਸਮੁਦਾਇ ਏਜੰਸੀਆਂ ਦੀ ਤਲਾਸ਼** (Seek out cultural organisations and community agencies)—ਸਿੱਖਿਆ ਪ੍ਰਕਿਰਿਆ ਵਿੱਚ ਪਾਰਟਨਰਜ (Partners) ਦੀ ਤਰ੍ਹਾਂ ਕੰਮ ਕਰਨ ਲਈ ਸੰਸਕ੍ਰਿਤਿਕ ਸੰਗਠਨਾਂ ਅਤੇ ਸਮੁਦਾਇ ਏਜੰਸੀਆਂ ਦੀ ਖੋਜ ਕਰੋ।

**(5) ਅਧਿਆਪਕ ਦੀ ਭੂਮਿਕਾ (Role of Teacher) :**

ਅਧਿਆਪਕਾਂ ਦੀ ਵਿਦਿਆਰਥੀਆਂ ਪ੍ਰਤੀ ਬਹੁਤ ਮਹੱਤਵਪੂਰਨ ਅਤੇ ਅਹਿਮ ਜਿੰਮੇਦਾਰੀ ਹੈ। ਉਹ ਰਾਹ ਦਰਸਾਊ ਨੇਤਾ ਹਨ। ਇਸ ਲਈ ਉਹਨਾਂ ਨੂੰ ਹਰੇਕ ਪੱਧਰ 'ਤੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਅਧਿਆਪਕ ਦੀ ਯੋਗ ਰਾਹ-ਨੁਮਾਈ ਤੋਂ ਬਿਨਾਂ ਉਪਯੁਕਤ ਸਿੱਖਣ ਹੋ ਹੀ ਨਹੀਂ ਸਕਦਾ। ਅਧਿਆਪਕ ਹੀ ਹੈ ਜੋ ਸਿੱਖਿਆਰਥੀਆਂ ਦੀ ਕਠਨਾਈਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਯੋਗ ਸਹਾਇਤਾ ਕਰ ਸਕਦਾ ਹੈ। ਅਧਿਆਪਕ ਨੂੰ ਚੰਗਾ ਆਦਰਸ਼ ਪ੍ਰਸਤੁਤ ਕਰਨਾ ਚਾਹੀਦਾ ਹੈ। ਉਹ ਵਿਵਿਧਤਾਵਾਂ ਨੂੰ ਸਵੀਕਾਰ ਕਰਨ ਵਾਲਾ ਅਤੇ ਆਪਸੀ ਸਨਮਾਨ ਅਤੇ ਸਤਿਕਾਰ ਵਾਲਾ ਵਾਤਾਵਰਨ ਪ੍ਰਸਤੁਤ ਕਰਨ ਵਾਲਾ ਹੋਣਾ ਚਾਹੀਦਾ ਹੈ। ਉਸਨੂੰ ਵਿਵਿਧਤਾ ਦੇ ਪ੍ਰਤੀ ਕਿਰਿਆਸ਼ੀਲ ਵਿਵਹਾਰ ਅਪਨਾਉਣਾ ਚਾਹੀਦਾ ਹੈ ਅਤੇ ਇਸ ਪ੍ਰਤਿਬੱਧਤਾ (Commitment) ਨੂੰ ਕਲਾਸਰੂਮ ਦੇ ਸਭ ਵਿਦਿਆਰਥੀਆਂ ਤੱਕ ਪਹੁੰਚਾਉਣਾ ਚਾਹੀਦਾ ਹੈ। ਕਲਾਸਰੂਮ ਵਿੱਚ ਪ੍ਰਭਾਵਸ਼ਾਲੀ ਪ੍ਰਬੰਧ ਲਈ ਅਧਿਆਪਕ ਨੂੰ ਨਿਮਨਲਿਖਿਤ ਭੂਮਿਕਾ ਨਿਭਾਉਣੀ ਚਾਹੀਦੀ ਹੈ—

1. **ਅਕਾਦਮਿਕ ਅਗਵਾਈ** (Academic guidance)—ਅਧਿਆਪਕ ਪ੍ਰਭਾਵਸ਼ਾਲੀ ਅਕਾਦਮਿਕ ਅਗਵਾਈ ਪ੍ਰਦਾਨ ਕਰੇ ਕਿਉਂਕਿ ਅਗਵਾਈ ਅਤੇ ਵਿਵਿਧਤਾ ਦੇ ਵਿਚਕਾਰ ਗਹਿਰਾ ਸੰਬੰਧ ਹੈ। ਅਗਵਾਈ ਦਾ ਅਰਥ ਹੈ ਕਿ ਵਿਦਿਆਰਥੀਆਂ ਨੂੰ ਸਤਿਕਾਰਿਤ, ਸਨਮਾਨਿਤ, ਸਵੀਕ੍ਰਿਤ ਅਤੇ ਸੰਬੰਧਿਤ ਮਹਿਸੂਸ ਕਰਾ ਕੇ ਉਹਨਾਂ ਦਾ ਸਸ਼ਕਤੀਕਰਨ (Empowerment) ਕਰਨਾ।

2. **ਸਕਿਰਿਆ ਸਹਾਇਕ** (Active facilitator)—ਅਧਿਆਪਕ ਸਕਿਰਿਆ ਸਹਾਇਕ ਬਣੇ ਅਤੇ ਦੇਖੇ ਕਿ ਸਭ ਵਿਦਿਆਰਥੀਆਂ ਦੀ ਜਮਾਤ ਵਿੱਚ ਆਪਣੀ ਅਵਾਜ਼ ਅਤੇ ਪਛਾਣ ਹੋਵੇ।

3. **ਰੀਡਿੰਗ ਸਮੱਗਰੀ ਦੀ ਚੋਣ ਅਤੇ ਪਾਠ-ਸਹਾਇਕ ਕਿਰਿਆਵਾਂ** (Select reading material and co-curricular activities)—ਅਧਿਆਪਕ ਅਜਿਹੀ ਪਠਨ ਸਮੱਗਰੀ ਚੁਣੇ ਅਤੇ ਪਾਠਕ੍ਰਮ ਤੇ ਪਾਠ-ਸਹਾਇਕ ਕਿਰਿਆਵਾਂ ਡਿਜਾਈਨ ਕਰੇ ਜਿਹੜੀਆਂ ਵਿਵਿਧ ਪਿਛੋਕੜਾਂ ਨੂੰ ਦਰਸਾਉਣ।

4. **ਚੰਗਾ ਅਵਲੋਕਨਕਰਤਾ** (Good observer)—ਅਧਿਆਪਕ ਚੰਗਾ ਅਵਲੋਕਨਕਰਤਾ (ਨਿਗਰਾਨ) ਬਣੇ ਅਤੇ ਧਿਆਨ ਨਾਲ ਦੇਖੇ ਕਿ ਕੌਣ ਬੋਲ ਰਿਹਾ ਹੈ ਅਤੇ ਕੌਣ ਚੁੱਪ ਹੈ। ਉਹ ਚੁੱਪ ਵਿਦਿਆਰਥੀ ਤੋਂ ਉਸ ਦੀ ਚੁੱਪ ਦਾ ਕਾਰਨ ਗਿਆਤ ਕਰੇ।

5. **ਅੰਤਰ-ਅਨੁਸ਼ਾਸਨੀ ਪਹੁੰਚ** (Inter-disciplinary approach)—ਅਧਿਆਪਕ ਅੰਤਰ-ਅਨੁਸ਼ਾਸਨੀ ਪਹੁੰਚ ਦੀ ਵਰਤੋਂ ਕਰਕੇ ਸਕੂਲ ਦੇ ਅੰਦਰ ਅਤੇ ਬਾਹਰ ਦੂਜੇ ਕਿੱਤਕਾਂ (Professionals) ਨਾਲ ਸਲਾਹ ਕਰੇ ਤਾਂਕਿ ਹਰੇਕ ਵਿਦਿਆਰਥੀ ਲਈ ਪ੍ਰਾਪਤੀ ਯੋਗ ਮੰਤਵ ਵਿਕਸਿਤ ਹੋ ਸਕਣ।

6. ਸੰਸਕ੍ਰਿਤਿਕ ਵਿਵਿਧਤਾਵਾਂ ਨੂੰ ਸਮਝਣਾ ਅਤੇ ਸਤਿਕਾਰ ਕਰਨਾ (Understanding and respecting cultural differences)—ਅਧਿਆਪਕ ਸੰਸਕ੍ਰਿਤਿਕ ਵਿਵਿਧਤਾਵਾਂ ਨੂੰ ਸਮਝੇ ਅਤੇ ਉਹਨਾਂ ਦਾ ਸਤਿਕਾਰ ਕਰਨ ਲਈ ਪਰਿਵਾਰਾਂ ਦੀਆਂ ਵਿਭਿੰਨ ਸੰਸਕ੍ਰਿਤਿਕ ਪਰੰਪਰਾਵਾਂ ਅਤੇ ਭਾਸ਼ਾਵਾਂ ਦੀ ਜਾਣਕਾਰੀ ਪ੍ਰਾਪਤ ਕਰੇ।

7. ਸ਼ੁਰੂਆਤੀ ਬਚਪਨ ਦਾ ਪਾਠਕ੍ਰਮ ਵਿਕਸਿਤ ਕਰਨਾ (Developing and implementing early childhood curriculum)—ਉਹ ਮੁੱਢਲੇ ਬਚਪਨ ਦਾ ਪਾਠਕ੍ਰਮ ਵਿਕਸਿਤ ਕਰਕੇ ਲਾਗੂ ਕਰੇ, ਜੋ ਕਿ ਸੰਸਕ੍ਰਿਤਿਕ ਰੂਪ ਤੋਂ ਸੰਵੇਦਨਸ਼ੀਲ ਹੈ ਤਾਂਕਿ ਬੱਚਿਆਂ ਨੂੰ ਮਨੁੱਖੀ ਵਿਵਿਧਤਾ ਦੀ ਮਹੱਤਤਾ ਦੀ ਜਾਣਕਾਰੀ ਪ੍ਰਾਪਤ ਹੋਵੇ।

8. ਬੱਚਿਆਂ ਦੀ ਜਿਆਦਾ ਸ਼ਮੂਲੀਅਤ ਲਈ ਨੀਤੀਆਂ (Strategies for more involvement of students)—ਅਧਿਆਪਕ ਵਿਦਿਆਰਥੀਆਂ ਦੇ ਜਿਆਦਾ ਸਮੂਲੀਅਤ ਕਰਨ ਲਈ ਨੀਤੀਆਂ ਬਣਾਏ ਅਤੇ ਸਭ ਵਿਦਿਆਰਥੀਆਂ ਦਾ ਸਤਿਕਾਰ ਕਰੇ।

9. ਵਿਸ਼ੇਸ਼ ਸਿੱਖਿਆ ਅਧਿਆਪਕਾਂ ਦਾ ਸਹਿਯੋਗ (Collaboration with special education teachers)—ਵਿਸ਼ੇਸ਼ ਸਿੱਖਿਆ ਅਧਿਆਪਕਾਂ ਅਰਥਾਤ ਦੁਭਾਸ਼ੀ ਰਿਸੋਰਸ ਮਾਹਰਾਂ ਨਾਲ਼ ਅਕਾਦਮਿਕ ਟੀਮਿੰਗ (Academic teaming) ਅਤੇ ਸਹਿਭਾਗ ਵਿੱਚ ਭਾਗੀਦਾਰੀ ਕਰੋ ਅਤੇ ਨਿਸਚਿਤ ਕਰੋ ਕਿ ਵਿਵਿਧ ਜਰੂਰਤਾਂ ਵਾਲੇ ਬੱਚਿਆਂ ਲਈ ਉਪਯੁਕਤ ਨੀਤੀਆਂ ਪ੍ਰਯੋਗ ਕੀਤੀਆਂ ਜਾਣ।

10. ਬਹੁ-ਸੰਸਕ੍ਰਿਤਿਕ ਸੰਸਾਧਨਾਂ ਦੀ ਵਰਤੋਂ (Use of multicultural resources)—ਜਮਾਤ ਵਿੱਚ ਬਹੁ-ਸੰਸਕ੍ਰਿਤਿਕ ਰਿਸੋਰਸਾਂ ਦਾ ਪ੍ਰਯੋਗ ਕਰੋ ਜਿਵੇਂ ਪਰਿਵਾਰਿਕ ਕਹਾਣੀਆਂ, ਬੱਚਿਆਂ ਦਾ ਸਾਹਿਤ, ਮਾਤਾ-ਪਿਤਾ ਦੀ ਕਹਾਣੀ ਸੁਣਾਉਣਾ, ਸੰਗੀਤ ਅਤੇ ਨਾਟਕ ਅਤੇ ਫੀਲਡ ਟ੍ਰਿਪ (Field trips)।

11. ਵਿਵਿਧਤਾ ਦਰਸਾਉਣ ਵਾਲੀਆਂ ਪੁਸਤਕਾਂ ਅਤੇ ਹੋਰ ਸਮੱਗਰੀ ਦੀ ਵਰਤੋਂ (Use books and other material reflecting diversity)—ਉਨ੍ਹਾਂ ਪੁਸਤਕਾਂ ਅਤੇ ਹੋਰ ਸਮੱਗਰੀ ਦੀ ਵਰਤੋਂ ਕਰੋ ਜੋ ਸਮਾਜ ਦੀ ਵਿਵਿਧਤਾ ਦਰਸਾਉਣ ਵਾਲੀ ਹੋਵੇ।

12. ਅਲਪਸੰਖਿਅਕ ਵਿਦਿਆਰਥੀਆਂ ਦੀ ਭਾਸ਼ਾ ਅਤੇ ਸੰਸਕ੍ਰਿਤੀ (Language and culture of minority students)—ਅਲਪਸੰਖਿਅਕ ਵਿਦਿਆਰਥੀਆਂ ਦੀ ਭਾਸ਼ਾ ਅਤੇ ਸੰਸਕ੍ਰਿਤੀ ਦੀ ਸਕੂਲ ਦੇ ਪ੍ਰੋਗਰਾਮਾਂ ਵਿੱਚ ਵਰਤੋਂ ਕਰੋ (Incorporate minority students' language and culture into school programmes.)।

13. ਮਾਪਿਆਂ ਦੀ ਸਮੂਲੀਅਤ (Involvement of parents)—ਮਾਪਿਆਂ ਦੀ ਜਮਾਤ ਦੀਆਂ ਵਿਸ਼ੇਸ਼ ਪਾਠਕ੍ਰਮ ਕਿਰਿਆਵਾਂ ਵਿੱਚ ਰਿਸੋਰਸ ਵਿਅਕਤੀਆਂ ਦੇ ਰੂਪ ਵਿੱਚ ਵਰਤੋਂ ਕਰੋ।

14. ਵਿਵਿਧ ਸੰਸਕ੍ਰਿਤੀਆਂ ਦੀ ਜਾਣਕਾਰੀ (Knowledge of diverse cultures)—ਵਿਵਿਧ ਸੰਸਕ੍ਰਿਤਿਕ ਪ੍ਰਭਾਵ ਅਤੇ ਸਮਾਜਿਕ ਪਰੰਪਰਾਵਾਂ (Social conventions) ਸੰਬੰਧੀ ਜਾਣਕਾਰੀ ਪ੍ਰਾਪਤ ਕਰੋ ਜਿਹੜੀਆਂ ਪ੍ਰਭਾਵ ਪਾਉਂਦੀਆਂ ਹਨ ਕਿ ਬੱਚੇ, ਮਾਪੇ ਅਤੇ ਪਰਿਵਾਰ ਕਿਸ ਪ੍ਰਕਾਰ ਅੰਤਰ-ਕਿਰਿਆ ਕਰਦੇ ਹਨ। ਬੱਚੇ ਆਪਣੇ-ਆਪਣੇ ਸੰਸਕ੍ਰਿਤਿਕ ਪ੍ਰਤਿਮਾਨਾਂ (Cultural patterns) ਵਿੱਚ ਅਲੱਗ ਹੋ ਸਕਦੇ ਹਨ, ਜਿਵੇਂ ਅੰਤਰਕਿਰਿਆ ਦੀ ਸ਼ੈਲੀ (Style of interaction), ਉੱਤਰ ਦੇਣ ਲਈ ਇੰਤਜਾਰ ਸਮਾਂ, ਉੱਤਰ ਦੇਣ ਵਿੱਚ ਅੱਖਾਂ ਦਾ ਮੇਲ (Eye contact in answer) ਆਦਿ।

15. ਲਚਕੀਲੀਆਂ ਮੁੱਲਾਂਕਣ ਨੀਤੀਆਂ ਦੀ ਵਰਤੋ (Use of flexible evaluation techniques)—ਬੱਚਿਆਂ ਦੀਆਂ ਯੋਗਤਾਵਾਂ ਵਧਾਉਣ ਲਈ ਲਚਕੀਲੀਆਂ ਮੁੱਲਾਂਕਣ ਨੀਤੀਆਂ ਦੇ ਜਮਾਤ ਵਿੱਚ ਸਫਲ ਹੋਣ ਲਈ ਬੱਚੇ ਨੂੰ ਲੁੜੀਂਦੀ ਕਿਸੇ ਸਹਾਇਤਾ ਅਤੇ ਅਨੁਕੂਲਨ ਵੱਲ ਮੁਲਾਂਕਣ ਯੋਜਨਾ ਨੂੰ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਲਈ ਪ੍ਰੋਗਰਾਮਾਂ ਵਿੱਚ ਮੁੱਲਾਂਕਣ ਦੇ ਮਹੱਤਵਪੂਰਨ ਉਦੇਸ਼ਾਂ ਨੂੰ ਧਿਆਨ ਵਿੱਚ ਰੱਖੋ ਜਿਵੇਂ ਕਿ ਅਨੁਦੇਸ਼ਨਾਤਮਿਕ ਯੋਜਨਾ (Instructional planning), ਲੋੜਾਂ ਦੀ ਪਛਾਣ (Identification of needs), ਪ੍ਰੋਗਰਾਮ ਮੁੱਲਾਂਕਣ ਅਤੇ ਮਾਪਿਆਂ ਨਾਲ਼ ਅੰਤਰਕਿਰਿਆ।

16. ਕਲਾਸਰੂਮ ਅਯੋਜਨ ਸੈਸ਼ਨ ਵਿੱਚ ਮਾਪਿਆਂ ਦੀ ਸ਼ਮੂਲੀਅਤ (Involvement of parents in classroom planning sessions)—ਮਾਪਿਆਂ ਦੀ ਕਲਾਸਰੂਮ ਦੇ ਆਯੋਜਨ ਸੈਸ਼ਨਾਂ ਵਿੱਚ ਸ਼ਮੂਲੀਅਤ ਕਰੋ। ਬਹੁ-ਸੰਸਕ੍ਰਿਤਿਕ ਮੰਤਵਾਂ, ਭਾਸ਼ਾ ਸਿੱਖਣ ਦੇ ਮੰਤਵਾਂ, ਅਸਮਰਥ ਬੱਚਿਆਂ (Disabled children) ਲਈ ਮਾਪਿਆਂ ਦੇ ਮੰਤਵਾਂ ਆਦਿ ਸੰਬੰਧੀ ਜਾਣਕਾਰੀ 'ਤੇ ਵਿਚਾਰ ਸਾਂਝੇ ਕਰੋ।

17. ਮਾਪਿਆਂ ਨਾਲ਼ ਜਾਣਕਾਰੀ ਅਤੇ ਮੰਤਵ ਸਾਂਝੇ ਕਰੋ (Sharing information and goals with parents)—ਮਾਪਿਆਂ ਨਾਲ਼ ਜਾਣਕਾਰੀ ਅਤੇ ਮੰਤਵ ਚਿੱਠੀਆਂ, ਅਖਬਾਰਾਂ, ਟੈਲੀਫੋਨਾਂ/ਮੋਬਾਈਲਾਂ ਅਤੇ ਬੈਠਕਾਂ (Meetings) ਦੁਆਰਾ ਸਾਂਝੇ ਕਰੋ।

18. ਬੱਚਿਆਂ ਦਾ ਕੰਮ ਘਰ ਭੇਜਣਾ (Sending children's work at home)—ਬੱਚਿਆਂ ਦਾ ਕੰਮ ਬਕਾਇਦਾ ਤੌਰ 'ਤੇ ਘਰ ਭੇਜੋ (Send regularly children's work at homes.)।

19. ਮਾਪਿਆਂ ਦੀ ਘਰੇਲੂ ਭਾਸ਼ਾ ਦੀ ਵਰਤੋਂ (Using home language of parents)—ਮਾਪਿਆਂ ਨਾਲ਼ ਅੰਤਰਕਿਰਿਆ ਕਰਦੇ ਸਮੇਂ ਉਹਨਾਂ ਦੀ ਘਰ ਦੀ ਭਾਸ਼ਾ ਦੀ ਵਰਤੋਂ ਕਰੋ।

20. ਵ੍ਰਿਤਿਕ ਵਿਕਾਸ ਅਵਸਰਾਂ ਦਾ ਲਾਭ ਉਠਾਉਣਾ (Take advantage of professional development opportunities)—ਵਿਸ਼ਿਸ਼ਟ ਲੋੜਾਂ ਵਾਲੇ ਜੁਆਨ ਵਿਦਿਆਰਥੀਆਂ ਦੇ ਅਧਿਆਪਨ ਸੰਬੰਧੀ ਚਾਲੂ ਵ੍ਰਿਤਿਕ ਅਵਸਰਾਂ ਦਾ ਲਾਭ ਉਠਾਉ।

(6) ਮਾਤਾ-ਪਿਤਾ ਦੀ ਸ਼ਮੂਲੀਅਤ (Involvement of Parents) :

ਮਾਤਾ-ਪਿਤਾ ਬੱਚਿਆਂ ਦੇ ਪਹਿਲੇ ਅਧਿਆਪਕ ਹਨ (Parents are the first teachers of children.)। ਮਾਪਿਆਂ ਦੀ ਸ਼ਮੂਲੀਅਤ ਮੁੱਢਲੇ ਸਕੂਲ ਪ੍ਰੋਗਰਾਮਾਂ ਵਿੱਚ ਕਿਸੇ ਤਰ੍ਹਾਂ ਵੀ ਕਿਸੇ ਹੋਰ ਵਿਅਕਤੀ ਨਾਲੋਂ ਘੱਟ ਨਹੀਂ। ਮਾਤਾ-ਪਿਤਾ ਦੀ ਸਹੀ ਸ਼ਮੂਲੀਅਤ ਸਕੂਲ ਸਟਾਫ ਨੂੰ ਵੱਖ-ਵੱਖ ਸਿੱਖਿਆਰਥੀਆਂ ਨਾਲ਼ ਜੋੜਦੀ ਹੈ। ਇਹ ਸ਼ਮੂਲੀਅਤ ਪ੍ਰੋਗਰਾਮਾਂ, ਸੰਮੇਲਨਾਂ, ਰੈਗੂਲਰ ਨੋਟਿਸ ਅਤੇ ਨਿਊਜ਼ਲੈਟਰਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇਹ ਨੀਤੀਆਂ ਮਾਪਿਆਂ ਨੂੰ ਕਈ ਪ੍ਰਕਾਰ ਦੀ ਸਹਾਇਤਾ, ਭਾਈਵਾਲੀ ਅਤੇ ਅਗਵਾਈ ਦੀ ਭੂਮਿਕਾ ਨਿਭਾਉਣ ਵਿੱਚ ਉਤਸ਼ਾਹਿਤ ਕਰਦੀਆਂ ਹਨ। ਅਧਿਆਪਕ ਮਾਪਿਆਂ ਨੂੰ ਰਿਸੋਰਸ ਵਿਅਕਤੀਆਂ ਵੱਜੋਂ ਸੰਸਕ੍ਰਿਤਿਕ ਵਿਅੰਜਨਾਂ ਦੀਆਂ ਵਿਧੀਆਂ, ਕਹਾਣੀਆਂ ਅਤੇ ਲੀਡਰਸ਼ਿਪ ਭੂਮਿਕਾ ਵਿੱਚ ਸਿੱਖਿਆ ਸਾਜੋ-ਸਮਾਨ ਦੀ ਚੋਣ ਤੋਂ ਲੈ ਕੇ ਕਲਾਸਰੂਮ ਕਿਰਿਆਵਾਂ ਤੱਕ ਮਦਦ ਕਰ ਸਕਦਾ ਹੈ।